ਪਿੱਠ ਅੰਕਣ ਨੰ: 12322-24 / ਮਿਤੀ: 6-3-19 /

ਇਸ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾਂ ਤੇ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1) ਭਾਰਤ ਪੈਟਰੋਲਿਯਮ ਕਾਰਪੋਰੇਸਨ ਕੰਪਨੀ ਲਿਮ., 334 ਗਿਆਨੀ ਜੈਲ ਸਿੰਘ ਨਗਰ, ਤਹਿਸੀਲ ਵਾ ਜਿਲਾ-ਰੂਪਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵਲੋਂ ਉਕੱਤ ਪੱਤਰ ਵਿੱਚ ਲਗਾਈਆਂ ਸਰਤਾਂ ਦੀ ਇੰਨਬਿੰਨ ਪਾਲਣਾ ਕੀਤੀ ਜਾਵੇ। ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਕੇਸ ਦੀ ਨੈੱਟ ਪ੍ਰੈਜੈਂਟ ਵੈਲਿਯੂ 533102/- ਰੁਪਏ, ਕੰਪਨਸੇਟਰੀ ਅਫਾਰਸਟੇਸਨ ਦੀ ਰਕਮ 1036774/- ਰੁਪਏ, ਕੁੱਲ ਰਕਮ 1569876/- ਰੁਪਏ ਵੈਬ ਸਾਈਟ www.forestclearance.nic.in ਤੇ ਆਨਲਾਈਨ ਚਲਾਨ ਜਰਨੇਟ ਕਰਕੇ ਉੱਕਤ ਪੱਤਰ ਵਿੱਚ ਦਰਸਾਏ ਅਨੁਸਾਰ ਜਮਾਂ ਕਰਵਾ ਕੇ ਬੈਂਕ ਰਸੀਦ ਦੀ ਕਾਪੀ (ਜਿਸ ਵਿੱਚ UTR No. ਦਰਜ ਹੋਵੇ) ਵੈੱਬ ਸਾਈਟ ਤੇ ਅੱਪਲੋਡ ਕੀਤੀ ਜਾਵੇ ਅਤੇ ਇਸ ਦੀਆਂ ਚਾਰ ਪੜਤਾਂ ਕਾਊਂਟਰ ਸਾਈਨ ਕਰਕੇ ਇਸ ਦਫਤਰ ਨੂੰ ਭੇਜੀਆਂ ਜਾਣ। ਇਹ ਰਕਮ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਪੋਰੇਸਨ ਬੈਂਕ ਦੇ ਕੈਂਪਾ ਅਕਾਊਂਟ ਵਿੱਚ ਹੀ ਜਮਾਂ ਕਰਵਾਈ ਜਾਵੇ। ਇਸ ਤੋ ਇਲਾਵਾ ਉੱਕਤ ਪੱਤਰ ਦੇ ਲੜੀ ਨੰਬਰ 3 ਅਨੁਸਾਰ ਭਾਰਤ ਸਰਕਾਰ ਵਲੋਂ ਲਗਾਈਆਂ ਸਰਤਾਂ ਦੀ ਪਾਲਣਾ ਕਰਨ ਸਬੰਧੀ ਲੋੜੀਂਦੀ ਅੰਡਰਟੇਕਿੰਗ ਪੁਆਇੰਟ ਵਾਈਜ ਚਾਰ ਪੜਤਾਂ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਇਸ ਕੇਸ ਦੀ ਫਾਈਨਲ ਪ੍ਰਵਾਨਗੀ ਪ੍ਰਾਪਤ ਹੋਣ ਤੋ ਪਹਿਲਾਂ ਮੌਕੇ ਤੇ ਵਣ ਰਕਬੇ ਦੀ ਵਰਤੋ ਨਾ ਕੀਤੀ ਜਾਵੇ। ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਉਕੱਤ ਗੈਸ ਪਾਈਪ ਲਾਈਨ ਦੇ ਨਾਲ ਲੱਗਦੇ ਪਿੰਡਾਂ ਦੇ ਕੁਲੈਕਟਰ ਰੇਟਾਂ ਦੀ ਕਾਪੀ ਜਿਲਾ ਮਾਲ ਅਫਸਰ, ਰੂਪਨਗਰ ਤੋਂ ਪ੍ਰਾਪਤ ਕਰਕੇ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਉਸ ਅਨੁਸਾਰ ਆਪ ਦੀ ਕੰਪਨੀ ਪਾਸੋਂ ਲੋੜੀਂਦੀ ਨਾਨ ਫਾਰੈਸਟ ਰਕਬੇ ਦੀ ਕੀਮਤ ਜਮਾਂ ਕਰਵਾਈ ਜਾ ਸਕੇ।

2) ਜਿਲਾ ਮਾਲ ਅਫਸਰ, ਰੂਪਨਗਰ ਨੂੰ ਭੇਜ ਕਿ ਲਿਖਿਆ ਜਾਂਦਾ ਹੈ ਕਿ ਪਿੰਡ ਨਵਾਂ ਨੰਗਲ, ਅਜੋਲੀ, ਮੋਜੋਵਾਲ ਦੇ ਕਰੰਟ ਕੁਲੈਕਟਰ ਰੇਟਾਂ ਦੀ ਤਸਦੀਕ ਸੁਦਾ ਕਾਪੀ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਉਸ ਅਨੁਸਾਰ ਯੂਜਰ ਏਜੰਸੀ ਤੋਂ ਡਾਇਵਰਟ ਹੋਣ ਵਾਲੇ ਵਣ ਰਕਬੇ ਦੇ ਬਰਾਬਰ ਨਾਨ ਫਾਰੈਸਟ ਰਕਬੇ ਦੀ ਕੀਮਤ ਵਸੂਲ ਕੀਤੀ ਜਾ ਸਕੇ।

3) ਵਣ ਰੇਂਜ ਅਫਸਰ, ਸ੍ਰੀ ਆਨੰਦਪੁਰ ਸਾਹਿਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋ ਲਗਾਈਆਂ ਸਰਤਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਵਣ ਮੰਡਲ ਅਫਸਰ,
ਰੂਪਨਗਰ।